connect 2 END violence

## ਉਹ ਲੋਕ ਜੋ ਦੂਜਿਆਂ ਦੀ ਜ਼ਿੰਦਗੀ ਨੂੰ ਚੰਗੀ ਸੇਧ ਦਿੰਦੇ ਹਨ
## ਬਲਦੇਵ ਮੁੱਟਾ
## ਪੰਜਾਬੀ ਕਮਿਊਨਿਟੀ ਹੈਲਥ ਸਰਵਿਸਿਜ਼

ਬਲਦੇਵ ਮੁੱਟਾ ਇਕ ਸਮਾਜ ਸੁਧਾਰਿਕ ਆਗੂ ਹੈ ਜਿਸਨੇ ਪਿਛਲੇ 20 ਸਾਲਾਂ ਤੋਂ ਵੀ ਵੱਧ ਦੇ ਸਮੇਂ ਵਿਚ ਅਣਥੱਕ ਮਿਹਨਤ ਕਰਕੇ ਸਾਊਥ ਏਸ਼ੀਅਨ ਭਾਈਚਾਰੇ ਨੂੰ ਚੰਗੀ ਸੇਧ ਦਿੱਤੀ ਹੈ । ਬਲਦੇਵ ਦਾ ਵਿਚਾਰ ਸੀ ਕਿ ਸਾਊਥ ਏਸ਼ੀਅਨ ਭਾਈਚਾਰੇ ਦੀਆਂ ਖਾਸ ਜ਼ਰੂਰਤਾਂ ਨੂੰ ਸਥਾਪਤ ਸਮਾਜਿਕ ਸੰਸਥਾਂਵਾਂ ਪੂਰਾ ਨਹੀ ਕਰ ਰਹੀਆਂ, ਇਸ ਲਈ ਉਸਨੇ ਤੇ ਉਸਦੇ ਹੋਰ ਤਿੰਨ ਸਹਿਯੋਗੀਆਂ ਨੇ 1990 ਵਿਚ ਪੰਜਾਬੀ ਕਮਿਉਨਿਟੀ ਹੈਲਥ ਸਰਵਿਸਿਜ਼ ਦੀ ਨੀਂਹ ਰੱਖੀ। ਇਸ ਸੰਸਥਾ ਦਾ ਮੁਖ ਉਦੇਸ਼ ਆਪਣੇ ਸਥਾਨਕ ਸਮਾਜ ਦੀਆਂ ਲੋੜਾਂ ਨੂੰ ਸਮਝਣਾਂ ਅਤੇ ਫਿਰ ਸਭਿਆਚਾਰਿਕ ਲੋੜਾਂ ਨੂੰ ਮੁਖ ਰੱਖਦਿਆਂ ਪ੍ਰੋਗਰਾਮ ਤਿਆਰ ਕਰਨਾ ਸੀ ।

ਸਮਾਜ ਵਿਚ ਆਪਣੇ ਸੁਨੇਹੇਂ ਨੂੰ ਸੁਖਾਲਾ ਪਹੁੰਚਾਉਣ ਲਈ ਬਲਦੇਵ ਨੇ ਸਾਊਥ ਏਸ਼ੀਅਨ ਮੀਡੀਏ ਦਾ ਸਹਿਯੋਗ ਪ੍ਰਾਪਤ ਕੀਤਾ ਅਤੇ ਹਰ ਹਫਤੇ ਰੇਡੀਓ ਰਾਂਹੀਂ ਵਿਚਾਰ ਵਟਾਂਦਰਾ ਸ਼ੁਰੂ ਕੀਤਾ ਜਿਸ ਵਿਚ ਨਸ਼ਿਆਂ ਦੀ ਵਰਤੋਂ, ਔਰਤਾਂ ਨਾਲ ਦੁਰਵਿਹਾਰ ਅਤੇ ਮਾਪੇ – ਬੱਚਿਆਂ ਦੇ ਮਸਲਿਆਂ ਦੇ ਵਿਸ਼ੇ ਸ਼ਾਮਿਲ ਹਨ। ਸਮੇ ਦੇ ਨਾਲ ਸਾਊਥ ਏਸ਼ੀਅਨ ਟੀਵੀ ਪ੍ਰੋਗਰਾਂਮਾਂ ਉਤੇ ਜਾਣ ਦੇ ਮੌਕੇ ਮਿਲੇ ਅਤੇ ਸੁਨੇਹੇਂ ਨੂੰ ਵਿਸਥਾਰ ਨਾਲ ਪਹੁੰਚਾਉਣ ਦਾ ਇਕ ਹੋਰ ਸਾਧਨ ਬਣ ਗਿਆ ।

ਬਲਦੇਵ ਨੇ ਮੁਢਲੇ ਖੋਜ ਪ੍ਰਕਾਸ਼ਨਾ ਵਿਚ ਸਾਊਥ ਏਸ਼ੀਅਨ ਭਾਈਚਾਰੇ ਵਿਚਲੇ ਤਿੰਨ ਖਾਸ ਖੇਤਰਾਂ ਨੂੰ ਛੂਹਿਆ:

1 ਨਸ਼ਿਆਂ ਦੇ ਸੇਵਨ ਮਸਲਿਆਂ ਬਾਰੇ ਪ੍ਰੋਗਰਾਂਮ

2 ਔਰਤਾਂ ਨਾਲ ਦੁਰਵਿਹਾਰ ਬਾਰੇ ਪ੍ਰੋਗਰਾਂਮ

3 ਸੰਕਟ ਵਿਚ ਪਈ ਜਵਾਨ ਪੀੜ੍ਹੀ ਬਾਰੇ ਪ੍ਰੋਗਰਾਂਮ

ਸੰਨ 1995 ਵਿਚ ਪਹਿਲਾ "ਸਹਾਰਾ ਮੈਨਜ਼ ਗਰੁੱਪ" ਮਰਦਾਂ ਦਾ ਗਰੁਪ ਸ਼ੁਰੂ ਕੀਤਾ ਗਿਆ ਜਿਸ ਵਿਚ ਉਹ ਮਰਦ ਸਨ ਜਿਨਾਂ ਨੂੰ ਨਸ਼ਿਆਂ ਦੇ ਸੇਵਨ ਦਾ ਬੜਾ ਬੁਰਾ ਤਜੁਰਬਾ ਸੀ। ਇਸ ਪ੍ਰੋਗਰਾਮ ਵਿਚ ਭਾਗ ਲੈਣ ਵਾਲਿਆਂ ਨਾਲ ਜਦੋਂ ਕੌਂਸਲਰਾਂ ਦਾ ਲਗਾਤਾਰ ਵਾਹ ਪਿਆ ਤਾਂ ਕੌਸਲਰਾਂ ਨੂੰ ਪਤਾ ਲੱਗਾ ਕਿ ਨਸ਼ਿਆਂ ਦੀ ਆਦਤ ਤੋਂ ਪ੍ਰਭਾਵਿਤ ਭਾਗ ਲੈਣ ਵਾਲੇ ਇੰਨਾਂ ਲੋਕਾਂ ਵਿਚ ਗੁੱਸੇ ਦਾ ਬੇਕਾਬੂ ਹੋ ਜਾਣਾ ਅਤੇ ਹਿੰਸਕ ਹੋ ਜਾਣਾ ਵੀ ਸੀ ਅਤੇ ਜਿਵੇਂ "ਸਹਾਰਾ" ਪ੍ਰੋਗਰਾਮ ਨੂੰ ਇੰਨ੍ਹਾਂ ਮੁੱਦਿਆਂ ਨਾਲ ਨਜਿੱਠਣ ਲਈ ਹੋਰ ਵਧਾਇਆ ਗਿਆ। ਪੰਜਾਬੀ ਕਮਿਉਨਿਟੀ ਹੈਲਥ ਸਰਵਿਸਿਜ਼ ਨੇ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਨੂੰ ਆਸਰਾ ਦੇਣ ਦੇ ਨਾਲ ਨਾਲ ਆਪਣੀ ਖੋਜ ਦੇ ਦਾਇਰੇ ਨੂੰ ਵਿਸ਼ਾਲ ਕੀਤਾ ।

ਜਿਵੇਂ ਪੰਜਾਬੀ ਕਮਿਉਨਿਟੀ ਹੈਲਥ ਸਰਵਿਸਿਜ਼ ਨੇ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਸਾਊਥ ਏਸ਼ੀਅਨ ਔਰਤਾਂ ਨਾਲ ਕੰਮ ਕੀਤਾ ਤਾਂ ਪਤਾ ਚਲਿਆ ਕਿ ਬਹੁਤ ਸਾਰੀਆਂ ਸਾਊਥ ਏਸ਼ੀਅਨ ਔਰਤਾਂ ਨੂੰ ਆਪਣੇ ਹੱਕਾਂ ਬਾਰੇ ਕੋਈ ਜਾਣਕਾਰੀ ਨਹੀਂ ਅਤੇ ਉਨ੍ਹਾਂ ਨੂੰ ਸਹਾਰਾ ਦੇਣ ਵਾਲੀਆਂ ਥਾਂਵਾਂ ਤੇ ਸਰੋਤਾਂ ਬਾਰੇ ਵੀ ਪਤਾ ਨਹੀ । ਇਸ ਤੋਂ ਵਧਕੇ ਇਹਨਾਂ ਪੀੜਿਤ ਔਰਤਾਂ ਦੀਆਂ ਪਰਿਵਾਰਿਕ ਰਿਸ਼ਤੇਦਾਰੀਆਂ ਦੇ ਲੋਕ ਇਨ੍ਹਾਂ ਨੂੰ ਕਿਤਿਓਂ ਮਦਦ ਲੈਣ ਜਾਂ ਪੁਲਿਸ ਨੂੰ ਸੂਚਿਤ ਕਰਨ ਤੋਂ ਨਿਰਉਤਸ਼ਾਹਿਤ ਕਰਦੇ ਹਨ, ਇਸਦੇ ਹਿਸੇ ਵਜੋਂ ਵੱਡੇ ਪਰਿਵਾਰ ਦਾ ਆਰਥਿਕ ਸੰਕਟ ਸ਼ੁਰੂ ਹੋ ਜਾਂਦਾ ਹੈ ਜਦੋਂ ਜ਼ੁਲਮ ਕਰਨ ਵਾਲਾ ਆਦਮੀ ਗ੍ਰਿਫਤਾਰ ਹੋ ਜਾਂਦਾ ਹੈ ਤੇ ਕੰਮ ਨਹੀਂ ਕਰ ਸਕਦਾ ।

ਬਲਦੇਵ ਮੁੱਟਾ ਟਿੱਪਣੀ ਕਰਦਾ ਹੈ ਕਿ ਸਾਊਥ ਏਸ਼ੀਅਨ ਭਾਈਚਾਰੇ ਦੇ ਮੈਂਬਰ ਬਾਹਰੋਂ ਸਹਾਇਤਾ ਲੈਣ ਜਾਂ ਕੌਂਸਲਿੰਗ ਤੋਂ ਝਿਜਕਦੇ ਹਨ ਇਸਤੋਂ ਪਹਿਲਾਂ ਕਿ ਹਿੰਸਾ ਸ਼ੁਰੂ ਹੋ ਜਾਵੇ ਅਤੇ ਵੇਖਿਆ ਗਿਆ ਹੈ ਕਿ ਬਹੁਤ ਸਾਰੇ ਮਾਮਲਿਆਂ ਵਿਚ ਆਦਮੀ ਇਹ ਮੱਨਣ ਨੂੰ ਤਿਆਰ ਨਹੀਂ ਕਿ ਉਹਨਾਂ ਨੂੰ ਕੋਈ ਮੁਸ਼ਕਿਲ ਹੈ ਜਦੋਂ ਤੱਕ ਕਿ ਕਨੂੰਨੀ ਦਖ਼ਲਅੰਦਾਜ਼ੀ ਸ਼ੁਰੂ ਨਹੀਂ ਹੋ ਜਾਂਦੀ ।

ਸਾਊਥ ਏਸ਼ੀਅਨ ਭਾਈਚਾਰੇ ਵਿਚ ਇਸ ਪਹੁੰਚ ਤੋਂ ਇਲਾਵਾ ਬਲਦੇਵ ਮੁੱਟਾ ਅਤੇ ਪੰਜਾਬੀ ਕਮਿਉਨਿਟੀ ਹੈਲਥ ਸਰਵਿਸਿਜ਼ ਨੇ ਆਪਣੇ ਸੰਬੰਧ ਹੋਰ ਹਿਤੂਆਂ ਨਾਲ ਵਧੀਆ ਬਣਾਏ ਹਨ ਇਨ੍ਹਾਂ ਵਿਚ ਰੀਜਿਨ ਆਫ ਪੀਲ ਦਾ ਸਿਹਤ ਸੇਵਾਂਵਾਂ ਮਹਿਕਮਾਂ, ਮਾਲਟਨ ਨੇਬਰਹੁੱਡ ਸਰਵਿਸਿਜ਼, ਸੋਸ਼ਲ ਪਲੈਨਿੰਗ ਕੌਂਸਲ ਆਫ ਪੀਲ ਅਤੇ ਯੂਨਾਇਟਿਡ ਵੇਅ। ਹੇਠਾਂ ਕੁਝ ਇਕ ਉਦਹਾਰਨਾਂ ਇਸ ਭਾਈਵਾਲੀ ਦੀਆਂ ਹਨ :

1999 " ਸਾਊਥ ਏਸ਼ੀਅਨ ਔਰਤਾਂ ਨਾਲ ਦੁਰਵਿਹਾਰ" ਵਰਕਸ਼ਾਪ (ਪੀਲ ਕਮੇਟੀ ਅਗੇਂਸਟ ਵਿਮਨ ਐਬਊਜ਼ ਨਾਲ ਭਾਈਵਾਲੀ)

2000 " ਸਾਊਥ ਏਸ਼ੀਅਨ ਫੈਮਿਲੀ ਵਾਇਲੈਂਸ ਵੌਲੰਟੀਅਰ ਰੈਸਪੌਂਸ ਟੀਮ" (ਵਿਕਟਿਮ ਸਰਵਿਸਿਜ਼ ਆਫ ਪੀਲ ਦੇ ਨਾਲ)

2001 " ਮੈਨਟਰਿੰਗ ਫਾਰ ਚੇਂਜ" ਪ੍ਰੋਜੈਕਟ (ਵਿਕਟਿਮ ਸਰਵਿਸਿਜ਼ ਆਫ ਪੀਲ ਦੇ ਨਾਲ)

2002 ਯੂਥ ਕੋਨੈਕਸ਼ਨ ਟੈਲੀਵਿਜਨ ਪ੍ਰੋਗਰਾਮ

2006 ਹਿਉਮੇਨ ਐਂਡੇਵਰ ਨਾਲ ਸਾਂਝੇ ਤੌਰ ਤੇ ਵਾਹਨ ਸਿਟੀ ਵਿਚ ਨਸ਼ਿਆਂ ਅਤੇ ਬਜ਼ੁਰਗਾਂ ਸੰਬੰਧੀ ਪ੍ਰੋਗਰਾਮ

2008 ਲੈਟ ਅਸ ਟਾਕ ਅਬਾਉਟ ਇਟ – ਸੀਨੀਅਰ ਐਬਊਜ਼ ਵੀਡੀਓ (ਲ੍ਰਿਨ ਵਲੋਂ ਫੰਡ ਸਹਾਇਤਾ)

2010 ਮਾਲਟਨ ਵਿਚ ਹਿੰਸਕ ਸਮੱਸਿਆਵਾਂ ਬਾਰੇ ਯੂਥ ਪ੍ਰੋਜੈਕਟ (ਯੂਨਾਇਟਿਡ ਵੇਅ ਵਲੋਂ ਫੰਡ ਸਹਾਇਤਾ)

ਪੰਜਾਬੀ ਕਮਿਉਨਿਟੀ ਹੈਲਥ ਸਰਵਿਸਿਜ਼ ਸੇਵਾਂਵਾਂ ਦੇਣ ਬਦਲੇ ਕੋਈ ਫੀਸ ਨਹੀ ਲੈਂਦੀ, ਬਲਦੇਵ ਮੁੱਟਾ ਨੇ ਹੋਰ ਅਦਾਰਿਆਂ ਤੋਂ ਫੰਡ ਦੀ ਮੰਗ ਕਰਕੇ ਸਹਾਇਤਾ ਪ੍ਰਾਪਤ ਕੀਤੀ ਹੈ ਇੰਨ੍ਹਾਂ ਸਰੋਤਾਂ ਵਿਚ ਸ਼ਾਮਿਲ ਹਨ ਰੀਜਨ ਆਫ ਪੀਲ, ਸੈਂਟਰਲ ਵੈਸਟ ਲ੍ਰਿਨ, ਓਨਟੇਰੀਓ ਟਰਿਲੀਅੰਮ ਫਾਂਉਂਡੇਸ਼ਨ, ਯੂਨਾਇਟਿਡ ਵੇਅ ਆਫ ਪੀਲ ਅਤੇ ਫੈਡਰਲ ਸਰਕਾਰ। ਇਸਦੇ ਇਲਾਵਾ ਵਲੰਟੀਅਰ ਸਹਾਇਤਾ ਨਾਲ ਵੀ ਕਮਿਉਨਿਟੀ ਤੋਂ ਫੰਡ ਇਕੱਠਾ ਹੁੰਦਾ ਹੈ। ਪੰਜਾਬੀ ਕਮਿਉਨਿਟੀ ਹੈਲਥ ਸਰਵਿਸਿਜ਼ ਕੋਲ ਤਜ਼ੁਰਬੇਕਾਰ ਵਲੰਟੀਅਰਾਂ ਦਾ ਗਰੁਪ ਹੈ ਜਿਸ ਵਿਚ ਕਾਲਜ ਤੇ ਯੂਨੀਵਰਸਿਟੀ ਵਿਚ ਪੜਦੇ ਵਿਦਿਆਰਥੀ ਜ੍ਹਿਨਾਂ ਨੂੰ ਸੋਸ਼ਲ ਵਰਕ ਤਜ਼ੁਰਬੇ ਦੀ ਲੋੜ ਹੈ, ਨਵੇਂ ਆਏ ਸਾਊਥ ਏਸ਼ੀਅਨ ਭਾਈਚਾਰੇ ਦੇ ਲੋਕ ਜਿਹਨਾਂ ਨੂੰ ਕਨੇਡੀਅਨ ਕੰਮਕਾਰ ਤਜ਼ੁਰਬੇ ਦੀ ਲੋੜ ਹੈ ਜਾਂ ਜਿਹਨਾਂ ਨੂੰ ਆਪਣੇ ਦੇਸ਼ ਤੋਂ ਲੈ ਕੇ ਆਂਦੇ ਸਰਟੀਫੀਕੇਟਸ ਨੂੰ ਨਵਿਆਂਉਣ ਦੀ ਲੋੜ ਹੈ ਅਤੇ ਬਾਕੀ ਸਾਰੀ ਕਮਿਉਨਿਟੀ ਵਿਚਲੇ ਲੋਕ ਵੀ ਆਂਉਂਦੇ ਹਨ ।

ਬਲਦੇਵ ਮੁੱਟਾ ਦਾ ਯਕੀਨ ਹੈ ਕਿ ਉਸਾਰੂ ਕੋਸ਼ਿਸ਼ਾਂ ਦੇ ਅਮਲ ਨਾਲ ਸਾਊਥ ਏਸ਼ੀਅਨ ਭਾਈਚਾਰੇ ਵਿਚਲੀ ਹਿੰਸਾ ਨੂੰ ਰੋਕਿਆ ਜਾ ਸਕਦਾ ਹੈ – ਬਜਾਏ ਇਸਦੇ ਕਿ ਹਿੰਸਾ ਦੇ ਬੁਰੇ ਪ੍ਰਭਾਵਾਂ ਨੂੰ ਉਛਾਲਿਆ ਜਾਵੇ, ਮੁੱਟਾ ਵਲੋਂ ਚੰਗੇ ਰਿਸ਼ਤਿਆਂ ਦੇ ਫਾਇਦਿਆਂ ਉਤੇ ਜ਼ੋਰ ਦਿਤਾ ਜਾਂਦਾ ਹ । ਉਹ ਚਾਂਹੰਦਾ ਹੈ ਕਿ ਮਾਪੇ ਆਪਣੇ ਬੱਚਿਆਂ ਨਾਲ ਵੱਕਤ ਗੁਜ਼ਾਰਨ ਦੀ ਅਹਿਮੀਅਤ ਨੂੰ ਸਮਝਣ ਤੇ ਉਹਨਾਂ ਨੂੰ ਚੰਗੀ ਗੁੜਤੀ ਦੇਣ। ਉਹ ਉਤਸ਼ਾਹਿਤ ਕਰਦਾ ਹੈ ਕਿ ਜਵਾਨ ਬੱਚੇ ਸਕੂਲ ਵਿਚ ਰਹਿਣ ਦੇ ਫਾਇਦੇ ਵੇਖਣ – ਕਿਵੇਂ ਉਹਨਾਂ ਦੀ ਪੜਾਈ ਅੱਗੇ ਚੱਲਕੇ ਵਧੀਆ ਜ਼ਿੰਦਗੀ ਪ੍ਰਦਾਨ ਕਰੇਗੀ – ਉਲਟ ਗੈਂਗ ਵਿਚ ਸ਼ਾਮਿਲ ਹੋਣ ਦੇ ਖ਼ਤਰਨਾਕ ਨਤੀਜਿਆਂ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ ।

ਬਲਦੇਵ ਮੁੱਟਾ ਇਕ ਸਿਰ ਕੱਢਵੀਂ ਉਦਹਾਰਣ ਵਾਲਾ ਇਨਸਾਨ ਹੈ ਜਿਸਨੇ ਅਸਰਅੰਦਾਜ਼ ਕੰਮ ਕੀਤੇ ਨੇ– ਉਸਨੇ ਜ਼ਰੂਰਤਾਂ ਨੂੰ ਸਮਝਿਆ ਅਤੇ ਸਾਊਥ ਏਸ਼ੀਅਨ ਭਾਈਚਾਰੇ ਵਿਚ ਕੀਤੀ ਖੋਜ, ਸਿਖਿਆ ਅਤੇ ਪ੍ਰੋਗਰਾਮਾਂ ਰਾਂਹੀਂ ਹਾਂ ਪੱਖੀ ਤਬਦੀਲੀਆਂ ਲੈ ਕੇ ਆਉਣ ਲਈ ਆਪਣਾ ਆਪ ਸਮਰਪਤ ਕੀਤਾ ।